ਹੋਲੀ ਸ਼ਬਦ ਦੇ ਅਰਥ ਸਵਰੂਪ ਵਿੱਚ ਸਥਿਤ ਹੋਣਾ ਮਤਲਬ ਬਾਪ ਸਮਾਨ ਬਣਨਾ

ਅੱਜ ਬਾਪਦਾਦਾ ਆਪਣੇ ਹੋਲੀਏਸਟ, ਹਾਈਏਸਟ ਅਤੇ ਰਿਚੇਸ੍ਟ ਇਨ ਦੀ ਵਰਲਡ ਬੱਚਿਆਂ ਨੂੰ ਚਾਰੋਂ ਪਾਸੇ ਦੇਖ ਰਹੇ ਹਨ। ਚਾਹੇ ਸਾਕਾਰ ਵਿੱਚ ਸਮੁੱਖ ਹਨ, ਚਾਹੇ ਦੂਰ ਬੈਠੇ ਦਿਲ ਤੋਂ ਸਮੀਪ ਹਨ - ਚਾਰੋਂ ਪਾਸੇ ਦੇ ਬੱਚਿਆਂ ਨੂੰ ਦੇਖ ਹਰਸ਼ਿਤ ਹੁੰਦੇ ਰਹਿੰਦੇ ਹਨ। ਹਰ ਇੱਕ ਬੱਚਾ ਇਵੇਂ ਦਾ ਹੋਲੀਏਸਟ ਬਣਦਾ ਹੈ ਜੋ ਸਾਰੇ ਕਲਪ ਵਿੱਚ ਹੋਰ ਕੋਈ ਵੀ ਅਜਿਹਾ ਮਹਾਨ ਪਵਿੱਤਰ ਆਤਮਾ ਨਾ ਬਣਿਆ ਹੈ, ਨਾ ਬਣ ਸਕਦੇ ਹਨ। ਸਮੇਂ ਪ੍ਰਤੀ ਸਮੇਂ ਧਰਮ ਆਤਮਾਵਾਂ, ਮਹਾਨ ਆਤਮਾਵਾਂ, ਪਵਿੱਤਰ ਰਹੇ ਹਨ ਪਰ ਉਹਨਾਂ ਦੀ ਪਵਿੱਤਰਤਾ ਅਤੇ ਤੁਹਾਡੀ ਪਵਿੱਤਰਤਾ ਵਿੱਚ ਫਰਕ ਹੈ। ਇਸ ਸਮੇਂ ਤੁਸੀਂ ਪਵਿੱਤਰ ਬਣਦੇ ਹੋ, ਇਸਲਈ ਪਵਿੱਤਰਤਾ ਦੀ ਪ੍ਰਾਪਤੀ ਅਤੇ ਪ੍ਰਾਲਬੱਧ ਭਵਿੱਖ ਅਨੇਕ ਜਨਮ ਤੱਕ ਤਨ-ਮਨ-ਧਨ, ਸੰਬੰਧ ਅਤੇ ਸੰਪਰਕ ਅਤੇ ਨਾਲ ਆਤਮਾ ਵੀ ਪਵਿੱਤਰ ਹੈ। ਸ਼ਰੀਰ ਵੀ ਪਵਿੱਤਰ ਹੋਵੇ ਅਤੇ ਆਤਮਾ ਵੀ ਪਵਿੱਤਰ ਹੋਵੇ - ਅਜਿਹੀ ਪਵਿੱਤਰਤਾ ਤੁਸੀਂ ਆਤਮਾਵਾਂ ਪ੍ਰਾਪਤ ਕਰਦੀਆਂ ਹੋ। ਮਨ -ਵਚਨ - ਕਰਮ ਤਿੰਨੋ ਹੀ ਪਵਿੱਤਰ ਬਣਨ ਨਾਲ ਅਜਿਹੀ ਪ੍ਰਾਲਬੱਧ ਹੁੰਦੀ ਹੈ। ਤਾਂ ਅਜਿਹੇ ਹੋਲੀਏਸਟ ਆਤਮਾਵਾਂ ਹੋ। ਆਪਣੇ ਨੂੰ ਇਵੇਂ ਦੇ ਸ਼੍ਰੇਸ਼ਠ ਹੋਲੀਏਸਟ ਆਤਮਾਵਾਂ ਸਮਝਦੇ ਹੋ? ਹੁਣ ਬਣੇ ਹਨ ਅਤੇ ਬਣ ਰਹੇ ਹਨ? ਬਣਨਾ ਸਹਿਜ ਹੈ ਜਾਂ ਥੋੜ੍ਹਾ -ਥੋੜ੍ਹਾ ਮੁਸ਼ਕਿਲ ਹੈ? ਪਰ ਕਲਪ ਪਹਿਲੇ ਵੀ ਬਣੇ ਹਨ ਅਤੇ ਹੁਣ ਵੀ ਬਣਨਾ ਹੀ ਹੈ। ਪੱਕਾ ਜਾਂ ਥੋੜਾ -ਥੋੜਾ ਚੱਲਦਾ ਹੈ? ਨਹੀਂ। ਸੁਪਨੇ ਮਾਤਰ ਵੀ ਅਪਵਿੱਤਰਤਾ ਖ਼ਤਮ ਹੋਣੀ ਹੀ ਹੈ, ਇਤਨਾ ਨਿਸ਼ਚੇ ਹੈ ਨਾ ਕਿ ਅੱਜ ਬਣ ਰਹੇ ਹਾਂ ਅਤੇ ਕਲ ਬਣ ਹੀ ਜਾਵਾਂਗੇ। ਤਾਂ ਹੋਲੀਏਸਟ ਵੀ ਹੈ ਅਤੇ ਹਾਈਏਸਟ ਵੀ ਹਨ।

ਉੱਚੇ ਤੇ ਉੱਚੇ ਬਾਪ ਦੇ ਬੱਚੇ ਉੱਚੇ ਤੋਂ ਉੱਚੇ ਹਨ। ਹਾਈਏਸਟ ਬਣਦੇ ਹੋ ਉਦੋਂ ਪੂਜੇ ਜਾਂਦੇ ਹੋ। ਭਾਵੇਂ ਅੱਜਕਲ ਦੀ ਹਾਈਏਸਟ ਆਤਮਾਵਾਂ, ਸਕਾਮੀ ਰਾਜੇ ਸੀ, ਹੁਣ ਤਾਂ ਨਹੀਂ ਹਨ। ਭਾਵੇਂ ਪ੍ਰੈਜ਼ੀਡੈਂਟ ਹੋਵੇ, ਭਾਵੇਂ ਪ੍ਰਾਇਮ ਮਿਨਿਸਟਰ ਹੋਵੇ ਪਰ ਉਹ ਪੂਜਯ ਨਹੀਂ ਬਣਦੇ ਹਨ। ਤੁਸੀਂ ਪੂਜਯ ਬਣਨ ਵਾਲਿਆਂ ਆਤਮਾਵਾਂ ਦੇ ਅੱਗੇ ਪੁਜਾਰੀ ਬਣ ਨਮਨ ਅਤੇ ਪੂਜਨ ਕਰਦੇ ਹਨ। ਹੁਣ ਵੀ ਸਵ -ਰਾਜ ਅਧਿਕਾਰੀ ਬਣਦੇ ਹੋ ਅਤੇ ਭਵਿੱਖ ਵਿੱਚ ਵੀ ਰਾਜਿਆਂ ਦੇ ਰਾਜੇ ਬਣਦੇ ਹੋ। ਤਾਂ ਇਵੇਂ ਦਾ ਹਾਈਏਸਟ ਪਦਵੀ ਪ੍ਰਾਪਤ ਕਰਦੇ ਹੋ। ਨਾਲ ਹੀ ਰਿਚੇਸ੍ਟ ਇਨ ਦਾ ਵਰਲਡ ਹੋ। ਤੁਹਾਡਾ ਟਾਈਟਲ ਹੀ ਹੈ ਪਦਮਾ -ਪਦਮ -ਪਤੀ। ਅਤੇ ਇਵੇਂ ਦਾ ਖਜ਼ਾਨਾ ਹੈ ਜੋ ਅਰਬਪਤੀ, ਖਰਬਪਤੀ, ਅਰਬ - ਖਰਬ ਤੋਂ ਵੀ ਅਜਿਹਾ ਖਜ਼ਾਨਾ ਪ੍ਰਾਪਤ ਨਹੀਂ ਕਰ ਸਕਦੇ। ਤੁਸੀਂ ਸ਼੍ਰੇਸ਼ਠ ਆਤਮਾਵਾਂ ਬਾਪ ਦਵਾਰਾ ਅਜਿਹਾ ਭਾਗ ਬਣਾ ਰਹੇ ਹੋ ਜੇ ਵਰਨਣ ਕਰਦੇ ਹੋ। ਜੋ ਅਨੁਭਵ ਕਰਦੇ ਹੋ ਅਤੇ ਵਰਨਣ ਵੀ ਕਰਦੇ ਹੋ ਕਿ ਕਿ ਸਾਡੇ ਕਦਮ ਵਿੱਚ ਪਦਮ ਹੈ। ਕਦਮ ਵਿੱਚ ਪਦਮ ਹੈ ਜਾਂ ਸੌ ਹਨ, ਹਜ਼ਾਰ ਹਨ? ਇਵੇਂ ਦਾ ਕੋਈ ਵੱਡੇ ਤੋਂ ਵੱਡਾ ਮਲਟੀ ਮਲੀਨਿਅਰ ਵੀ ਇੰਨੀ ਕਮਾਈ ਨਹੀਂ ਕਰ ਸਕਦਾ। ਕਦਮ ਵਿੱਚ ਕਿੰਨਾ ਟਾਇਮ ਲੱਗੇਗਾ? ਕਦਮ ਉਠਾਓ, ਕਿੰਨਾ ਸਮਾਂ ਲੱਗਦਾ ਹੈ? ਸੈਕਿੰਡ। ਚੱਲੋ ਦੋ ਸੈਕਿੰਡ ਕਹਿ ਦਵੋ। ਜੇਕਰ ਦੋ ਸੈਕਿੰਡ ਵੀ ਕਹੋ ਤਾਂ ਦੋ ਸੈਕਿੰਡ ਵਿੱਚ ਪਦਮ, ਤਾਂ ਸਾਰੇ ਦਿਨ ਵਿੱਚ ਕਿੰਨੇ ਪਦਮ ਹੋਏ? ਹਿਸਾਬ ਕਰੋ। ਇਵੇਂ ਦਾ ਕੋਈ ਮਿਲਯੂਨਰ ਹੈ ਜੋ ਇੱਕ ਦਿਨ ਵਿੱਚ ਇੰਨੀ ਕਮਾਈ ਕਰਨ? ਅਜਿਹਾ ਕੋਈ ਹੋਵੇਗਾ? ਤਾਂ ਰਿਚੇਸਟ ਇਨ ਦੀ ਵਰਲਡ ਹੋ ਨਾ! ਅਤੇ ਤੁਹਾਡਾ ਇਵੇਂ ਦਾ ਖਜ਼ਾਨਾ ਹੈ ਜੋ ਅੱਗ ਵੀ ਨਹੀਂ ਜਲਾ ਸਕਦੀ, ਪਾਣੀ ਡੁਬੋ ਨਹੀਂ ਸਕਦਾ, ਚੋਰ ਲੁੱਟ ਨਹੀਂ ਸਕਦਾ, ਰਾਜਾ ਵੀ ਖੋਹ ਨਹੀਂ ਸਕਦੇ। ਇਵੇਂ ਦਾ ਖਜ਼ਾਨਾ ਇਸ ਪੁਰਸ਼ੋਤਮ ਸੰਗਮਯੁਗ ਵਿੱਚ ਹੀ ਪ੍ਰਾਪਤ ਕਰਦੇ ਹੋ। ਤਾਂ ਆਪਣਾ ਅਜਿਹਾ ਸਵਮਾਨ ਸਮ੍ਰਿਤੀ ਵਿੱਚ ਰਹਿੰਦਾ ਹੈ? ਹਾਂ ਜਾਂ ਨਹੀਂ? ਪਿੱਛੇ ਵਾਲੇ ਹੱਥ ਹਿਲਾ ਰਹੇ ਹਨ। ਪਿੱਛੇ ਵਾਲੇ ਆਰਾਮ ਨਾਲ ਬੈਠੇ ਹੋ ਨਾ? ਰਿਚੇਸ੍ਟ ਇਨ ਦੀ ਵਰਲਡ ਹੋ ਤਾਂ ਆਰਾਮ ਹੀ ਆਰਾਮ ਹੈ। ਵੱਡੇ ਤੋਂ ਵੱਡੀ ਯੂਨੀਵਰਸਿਟੀ ਵਿੱਚ ਵੀ ਇਵੇਂ ਦੇ ਕੋਚਾਂ ਤੇ ਪੜ੍ਹਾਈ ਪੜ੍ਹਣ ਦੇ ਲਈ ਨਹੀਂ ਬੈਠਦੇ ਹਨ, ਪਰ ਬੈਗਰ ਟੂ ਪ੍ਰਿੰਸ ਹੋ। ਬੈਗਰ ਵੀ ਹੋ ਅਤੇ ਪ੍ਰਿੰਸ ਵੀ ਹੋ। ਸਰਵ ਤਿਆਗ ਮਾਨਾ ਬੇਗਰ। ਸਰਵ ਪ੍ਰਾਪਤੀਆਂ ਮਤਲਬ ਪ੍ਰਿੰਸ। ਬਿਨਾਂ ਤਿਆਗ ਇਨਾ ਵੱਡਾ ਭਾਗ ਨਹੀਂ ਮਿਲਦਾ ਹੈ। ਤਿਆਗ ਦਾ ਹੀ ਭਾਗ ਮਿਲਿਆ ਹੈ। ਤਨ - ਮਨ - ਧਨ, ਸੰਬੰਧ ਸਭ ਤਿਆਗ ਕੀਤਾ ਮਤਲਬ ਪਰਿਵਰਤਨ ਕੀਤਾ। ਤਨ ਮੇਰਾ ਦੇ ਬਜਾਏ ਤੇਰਾ ਕੀਤਾ। ਮਨ, ਧਨ, ਸੰਬੰਧ ਇੱਕ ਸ਼ਬਦ ਪਰਿਵਰਤਨ ਹੋਣ ਨਾਲ ਮੇਰੇ ਦੇ ਬਜਾਏ ਤੇਰਾ ਕੀਤਾ, ਹੈ ਇੱਕ ਸ਼ਬਦ ਦਾ ਪਰਿਵਰਤਨ ਪਰ ਇਸ ਤਿਆਗ ਨਾਲ ਭਾਗ ਦੇ ਅਧਿਕਾਰੀ ਬਣ ਗਏ। ਤਾਂ ਭਾਗ ਦੇ ਅੱਗੇ ਤਿਆਗ ਕੀ ਹੈ? ਛੋਟੀ ਗੱਲ ਹੈ ਜਾਂ ਥੋੜੀ ਵੱਡੀ ਵੀ ਹੈ? ਕਦੀ - ਕਦੀ ਵੱਡੀ ਵੀ ਹੋ ਜਾਂਦੀ ਹੈ। ਤੇਰਾ ਕਹਿਣਾ ਮਾਨਾ ਵੱਡੀ ਗੱਲ ਨੂੰ ਛੋਟੀ ਕਰਨਾ ਅਤੇ ਮੇਰਾ ਕਹਿਣਾ ਮਾਨਾ ਛੋਟੀ ਗੱਲ ਨੂੰ ਵੱਡੀ ਕਰਨਾ। ਕੁਝ ਵੀ ਹੋ ਜਾਏ, 100 ਹਿਮਾਲੇ ਤੋਂ ਵੀ ਵੱਡੀ ਸਮੱਸਿਆ ਆ ਜਾਏ ਪਰ ਤੇਰਾ ਕਹਿਣਾ ਅਤੇ ਪਹਾੜ ਨੂੰ ਰੂਈ ਬਣਾਉਣਾ, ਰਾਈ ਵੀ ਨਹੀਂ, ਰੂਈ। ਜੋ ਰੂਈ ਸੈਕਿੰਡ ਵਿੱਚ ਉੱਡ ਜਾਏ। ਸਿਰਫ਼ ਤੇਰਾ ਕਹਿਣਾ ਨਹੀਂ ਮੰਨਣਾ, ਸਿਰਫ਼ ਮੰਨਣਾ ਵੀ ਨਹੀਂ ਚੱਲਣਾ। ਇੱਕ ਸ਼ਬਦ ਦਾ ਪਰਿਵਰਤਨ ਸਹਿਜ ਹੀ ਹੈ ਨਾ! ਅਤੇ ਫ਼ਾਇਦਾ ਹੈ ਹੀ ਹੈ, ਨੁਕਸਾਨ ਤਾਂ ਹੈ ਨਹੀਂ। ਤੇਰਾ ਕਹਿਣ ਨਾਲ ਸਾਰਾ ਬੋਝ ਬਾਪ ਨੂੰ ਦੇ ਦਿੱਤਾ। ਤੇਰਾ ਤੁਸੀਂ ਹੀ ਜਾਣੋਂ। ਤੁਸੀਂ ਸਿਰਫ਼ ਨਿਮਿਤ -ਮਾਤਰ ਹੋ। ਇਸ ਵਿੱਚ ਫਾਇਦਾ ਹੈ ਨਾ? ਨਿਆਰੇ ਅਤੇ ਪਰਮਾਤਮਾ ਦੇ ਪਿਆਰੇ ਬਣ ਗਏ। ਜੋ ਪਰਮਾਤਮਾ ਦੇ ਪਿਆਰੇ ਬਣਦੇ ਹਨ ਉਹ ਵਿਸ਼ਵ ਦੇ ਪਿਆਰੇ ਬਣਦੇ ਹਨ। ਸਿਰਫ਼ ਭਵਿੱਖ ਪ੍ਰਾਪਤੀ ਨਹੀਂ ਹੈ, ਵਰਤਮਾਨ ਵੀ ਹੈ। ਇੱਕ ਸੈਕਿੰਡ ਵਿੱਚ ਅਨੁਭਵ ਕੀਤਾ ਵੀ ਹੈ ਅਤੇ ਕਰਕੇ ਦੇਖੋ। ਕੋਈ ਵੀ ਗੱਲ ਆ ਜਾਏ ਤੇਰਾ ਕਹਿ ਦਵੋ, ਮਨ ਜਾਓ ਅਤੇ ਤੇਰਾ ਸਮਝਕੇ ਕਰੋ ਤੇ ਬੋਝ ਹਲਕਾ ਹੁੰਦਾ ਹੈ ਜਾਂ ਨਹੀਂ ਹੁੰਦਾ ਹੈ। ਅਨੁਭਵ ਹੈ ਨਾ? ਸਭ ਅਨੁਭਵੀ ਬੈਠੇ ਹੋ ਨਾ!

ਸਿਰਫ਼ ਕੀ ਹੁੰਦਾ ਹੈ, ਮੇਰਾ ਮੇਰਾ ਕਹਿਣ ਦੀ ਬਹੁਤ ਆਦਤ ਹੈ ਨਾ, 63 ਜਨਮਾਂ ਦੀ ਆਦਤ ਹੈ ਤਾਂ ਤੇਰਾ ਤੇਰਾ ਕਹਿਕੇ ਫਿਰ ਮੇਰਾ ਕਹਿ ਦਿੰਦੇ ਹੋ ਅਤੇ ਮੇਰਾ ਮਾਨਾ ਗਏ, ਫਿਰ ਉਹ ਗੱਲ ਤਾਂ ਇੱਕ ਘੰਟੇ ਵਿੱਚ, ਦੋ ਘੰਟੇ ਵਿੱਚ, ਇੱਕ ਦਿਨ ਵਿੱਚ ਖ਼ਤਮ ਹੋ ਜਾਂਦੀ ਹੈ ਪਰ ਜੋ ਤੇਰੇ ਤੋਂ ਮੇਰਾ ਕੀਤਾ ਉਸਦਾ ਫ਼ਲ ਲੰਬਾ ਚੱਲਦਾ ਹੈ। ਗੱਲ ਅੱਧੇ ਘੰਟੇ ਦੀ ਹੋਵੇਗੀ ਪਰ ਭਾਵੇਂ ਪਛਤਾਵੇ ਦੇ ਰੂਪ ਵਿੱਚ, ਭਾਵੇਂ ਪਰਿਵਰਤਨ ਕਰਨ ਦੇ ਲਕਸ਼ ਨਾਲ, ਉਹ ਬਾਰ -ਬਾਰ ਸਮ੍ਰਿਤੀ ਵਿੱਚ ਆਉਂਦੀ ਰਹਿੰਦੀ ਹੈ ਇਸਲਈ ਬਾਪ ਸਭ ਬੱਚਿਆਂ ਨੂੰ ਕਹਿੰਦੇ ਹਨ ਜੇਕਰ "ਮੇਰਾ ਸ਼ਬਦ" ਨਾਲ ਪਿਆਰ ਹੈ, ਆਦਤ ਹੈ, ਸੰਸਕਾਰ ਹੈ, ਕਹਿਣਾ ਹੀ ਹੈ ਤਾਂ ਮੇਰਾ ਬਾਬਾ ਕਹੋ। ਆਦਤ ਤੋਂ ਮਜਬੂਰ ਹੁੰਦੇ ਹਨ ਨਾ। ਤਾਂ ਜਦੋਂ ਵੀ ਮੇਰਾ -ਮੇਰਾ ਆਵੇ ਤਾਂ ਮੇਰਾ ਬਾਬਾ ਕਹਿਕੇ ਖ਼ਤਮ ਕਰ ਦਵੋ। ਅਨੇਕ ਮੇਰੇ ਨੂੰ ਇੱਕ ਮੇਰਾ ਬਾਬਾ ਵਿੱਚ ਸਮਾ ਦਵੋ।

ਰਸ਼ੀਆ ਵਾਲੇ ਇੱਕ ਡਾਲ ਲਿਉਂਦੇ ਹਨ ਨਾ, ਤਾਂ ਡਾੱਲ ਵਿੱਚ ਡਾਲੱ …ਇੱਕ ਡਾੱਲ ਹੋ ਜਾਂਦੀ ਹੈ। ਇਵੇਂ ਤੁਸੀਂ ਵੀ ਇੱਕ ਮੇਰਾ ਬਾਬਾ ਵਿੱਚ ਅਨੇਕ ਮੇਰਾ ਸਮਾ ਦਵੋ, ਖ਼ਤਮ। ਇਹ ਕਰ ਸਕਦੇ ਹੋ? ਕਰਦੇ ਹੋ ਪਰ ਕਦੀ -ਕਦੀ ਮੇਰੇ ਦੇ ਵਿਸਤਾਰ ਵਿੱਚ ਚਲੇ ਜਾਂਦੇ ਹੋ। ਹੁਣ ਕਦੀ -ਕਦੀ ਹੈ, ਸਦਾ ਮੇਰਾ, ਤੇਰਾ ਹੋ ਜਾਏ ਉਸ ਵਿੱਚ ਵੀ ਨੰਬਰਵਾਰ ਹਨ। ਨੰਬਰਵਨ ਵੀ ਹਨ, ਏ ਵਨ ਵੀ ਹਨ ਪਰ ਫਿਰ ਵੀ ਪਿੱਛੇ ਦੇ ਨੰਬਰ ਵੀ ਹਨ। ਤਾਂ ਹੋਲੀ ਮਨਾਉਣ ਆਏ ਹੋ ਨਾ? ਇਹ ਹੀ ਮੰਤਰ ਯਾਦ ਕਰੋ ਮੈਂ ਬਾਪ ਦੀ ਹੋ ਲੀ, ਬਣ ਗਏ। ਪਰਮਾਤਮ ਪਰਿਵਾਰ ਦੀ ਹੋ ਲੀ ਮਤਲਬ ਹੋ ਗਈ। ਤਾਂ ਅਜਿਹੀ ਹੋਲੀ ਮਨਾਈ? ਹਾਲੇ ਜਲਣਾ ਹੈ ਜਾਂ ਜਲਾ ਦਿੱਤਾ? ਇਸ ਵਿੱਚ ਹਾਂ ਨਹੀਂ ਕਹਿੰਦੇ, ਸੋਚ ਰਹੇ ਹਨ?

ਦੇਖੋ, ਭਗਤੀ ਮਾਰਗ ਵਿੱਚ ਜੋ ਵੀ ਉਤਸਵ ਮਨਾਉਂਦੇ ਹਨ, ਯਾਦਗਾਰ ਹੈ ਕੁਝ -ਕੁਝ ਅਰਥ ਨਾਲ ਬਣੇ ਹੋਏ ਹਨ। ਪਹਿਲੇ ਜਲਾਉਣਾਂ ਹੈ ਫਿਰ ਮਨਾਉਣਾ ਹੈ। ਪਹਿਲੇ ਮਨਾਉਣਾ ਫਿਰ ਜਲਾਉਣਾ ਨਹੀਂ। ਪਹਿਲੇ ਭਸਮ ਕਰੋ, ਅਸ਼ੁਧੀ ਨੂੰ, ਕਮਜ਼ੋਰੀ ਨੂੰ, ਬੁਰਾਈ ਨੂੰ ਜਲਾਓ ਫਿਰ ਮਨਾਓ। ਤਾਂ ਤੁਸੀਂ ਤੇ ਬਹੁਤ ਪਹਿਲੇ ਜਲਾ ਦਿੱਤਾ ਜਾਂ ਹਾਲੇ ਵੀ ਥੋੜ੍ਹਾ ਜਿਹਾ ਦੁੱਪਟੇ ਦਾ ਕੋਨਾ ਰਹਿ ਗਿਆ ਹੈ? ਪਾਂਡਵਾਂ ਦੇ ਬੁਸ਼ਰ੍ਹ ਜਾਂ ਜੋ ਚੋਲਾ ਪਹਿਨਦੇ ਹਨ ਉਸਦਾ ਕੁਝ ਕੋਨਾ ਰਹਿ ਗਿਆ ਹੋਵੇ? ਸਾੜ੍ਹੀ ਦਾ ਕੋਨਾ ਤਾਂ ਨਹੀਂ ਰਹਿ ਗਿਆ? ਅਸਲ ਵਿੱਚ ਦੇਖੋ ਆਤਮਿਕ ਮਨਾਉਣਾ ਅਤੇ ਉਸ ਮਨਾਉਣ ਨਾਲ ਸ਼ਕਤੀ, ਅਤਿਇੰਦਰੀਆਂ ਸੁਖ ਦਾ ਅਨੁਭਵ ਕਰਨਾ, ਉਹ ਉਦੋਂ ਹੀ ਕਰ ਸਕਦੇ ਹੋ ਜਦੋਂ ਪਹਿਲੇ ਜਲਾਇਆ ਹੈ। ਮਨੋਰੰਜਨ ਦੇ ਰੂਪ ਨਾਲ ਮਨਾਉਣਾ ਉਹ ਵੱਖ ਚੀਜ਼ ਹੈ। ਉਹ ਤਾਂ ਸੰਗਮਯੁਗ ਹੈ ਮੌਜਾਂ ਦਾ ਯੁਗ, ਇਸਲਈ ਮਨੋਰੰਜ਼ਨ ਦੀ ਤਰ੍ਹਾਂ ਨਾਲ ਵੀ ਮਨਾਉਂਦੇ ਹੋ ਅਤੇ ਮਨਾਓ, ਖ਼ੂਬ ਮਨਾਓ। ਪਰ ਪਰਮਾਤਮ ਰੰਗ ਵਿੱਚ ਰੰਗ ਜਾਣਾ ਮਤਲਬ ਬਾਪ ਸਮਾਨ ਬਣ ਜਾਣਾ। ਇਹ ਹੈ ਰੰਗ ਵਿੱਚ ਰੰਗ ਜਾਣਾ। ਜਿਵੇਂ ਬਾਪ ਅਸ਼ਰੀਰੀ ਹੈ, ਅਵਿੱਅਕਤ ਹੈ ਉਵੇਂ ਅਸਰੀਰੀਪਨ ਦਾ ਅਨੁਭਵ ਕਰਨਾ ਅਤੇ ਅਵਿੱਅਕਤ ਫਰਿਸ਼ਤੇਪਨ ਦਾ ਅਨੁਭਵ ਕਰਨਾ - ਇਹ ਹੈ ਰੰਗ ਵਿੱਚ ਰੰਗ ਜਾਣਾ। ਕਰਮ ਕਰੋ ਪਰ ਅਵਿੱਅਕਤ ਫਰਿਸ਼ਤਾ ਬਣਕੇ ਕੰਮ ਕਰੋ। ਅਸ਼ਰੀਰੀਪਨ ਦੀ ਸਥਿਤੀ ਦਾ ਜਦੋਂ ਚਾਹੋਂ ਉਦੋਂ ਅਨੁਭਵ ਕਰੋ। ਇਵੇਂ ਮਨ ਅਤੇ ਬੁੱਧੀ ਤੁਹਾਡੇ ਕੰਟਰੋਲ ਵਿੱਚ ਹੋਵੇ। ਆਡਰ ਕਰੋ - ਅਸ਼ਰੀਰੀ ਬਣ ਜਾਓ। ਆਡਰ ਕੀਤਾ ਅਤੇ ਹੋਇਆ। ਫਰਿਸ਼ਤੇ ਬਣ ਜਾਈਏ। ਜਿੱਥੇ ਮਨ ਨੂੰ ਜਿੱਥੇ ਜਿਸ ਸਥਿਤੀ ਵਿੱਚ ਸਥਿਤ ਕਰਨਾ ਚਾਹੋ ਉੱਥੇ ਸੈਕਿੰਡ ਵਿੱਚ ਸਥਿਤ ਹੋ ਜਾਓ। ਇਵੇਂ ਨਹੀਂ ਜ਼ਿਆਦਾ ਟਾਇਮ ਲੱਗੇ, 5 ਸੈਕਿੰਡ ਲੱਗ ਗਏ, 2 ਸੈਕਿੰਡ ਲੱਗ ਗਏ। ਆਡਰ ਵਿੱਚ ਤੇ ਨਹੀਂ ਹੋਇਆ, ਕੰਟਰੋਲ ਵਿੱਚ ਤੇ ਨਹੀਂ ਹੋਇਆ, ਕੰਟਰੋਲ ਵਿੱਚ ਤੇ ਨਹੀਂ ਰਿਹਾ। ਕਿਵੇਂ ਦੀ ਪਰਿਸਥਿਤੀ ਹੋਵੇ, ਹਲਚਲ ਹੋਵੇ ਪਰ ਹਲਚਲ ਵਿੱਚ ਅਚਲ ਹੋ ਜਾਓ। ਅਜਿਹੀ ਕੰਨਟਰੋਲਿੰਗ ਪਾਵਰ ਹੈ? ਜਾਂ ਸੋਚਦੇ - ਸੋਚਦੇ ਅਸ਼ਰੀਰੀ ਹੋ ਜਾਓ। ਉਸ ਵਿੱਚ ਟਾਇਮ ਚਲਾ ਜਾਏਗਾ? ਕਈ ਬੱਚੇ ਵੱਖ -ਵੱਖ ਪੋਜ਼ ਬਦਲਦੇ ਰਹਿੰਦੇ, ਬਾਪ ਦੇਖਦੇ ਰਹਿੰਦੇ। ਸੋਚਦੇ ਹਨ ਅਸ਼ਰੀਰੀ ਬਣੀਏ ਫਿਰ ਸੋਚਦੇ ਹਨ ਅਸ਼ਰੀਰੀ ਮਤਲਬ ਆਤਮਾ ਰੂਪ ਵਿੱਚ ਸਥਿਤ ਹੋਣਾ, ਹਾਂ ਮੈਂ ਹਾਂ ਤਾਂ ਆਤਮਾ, ਸ਼ਰੀਰ ਤਾਂ ਹਾਂ ਹੀ ਨਹੀਂ, ਆਤਮਾ ਹੀ ਹਾਂ। ਮੈਂ ਆਈ ਹੀ ਆਤਮਾ ਸੀ, ਬਣਨਾ ਵੀ ਆਤਮਾ ਹੈ… ਹਾਲੇ ਇਸ ਸੋਚ ਵਿੱਚ ਅਸ਼ਰੀਰੀ ਹੋਏ ਜਾਂ ਅਸ਼ਰੀਰੀ ਬਣਨ ਦੀ ਯੁੱਧ ਕੀਤੀ? ਆਪਣੇ ਮਨ ਨੂੰ ਆਡਰ ਕੀਤਾ ਸੈਕਿੰਡ ਵਿੱਚ ਅਸ਼ਰੀਰੀ ਹੋ ਜਾਵਾਂ, ਇਹ ਤਾਂ ਨਹੀਂ ਕਿਹਾ ਸੋਚੋਂ - ਅਸ਼ਰੀਰੀ ਕੀ ਹੈ? ਕਦੋਂ ਬਣਾਂਗੇ, ਕਿਵੇਂ ਬਣਾਂਗੇ? ਆਡਰ ਤੇ ਨਹੀਂ ਮੰਨਿਆ ਨਾ! ਕੰਨਟਰੋਲਿੰਗ ਪਾਵਰ ਤੇ ਨਹੀਂ ਹੋਈ ਨਾ! ਹੁਣ ਸਮੇਂ ਪ੍ਰਮਾਣ ਇਸੀ ਪ੍ਰੈਕਟਿਸ ਦੀ ਜਰੂਰੂਤ ਹੈ। ਜੇਕਰ ਕੰਨਰੋਲਿੰਗ ਪਾਵਰ ਨਹੀਂ ਹੈ ਤਾਂ ਕਈ ਪਰਿਸਥਿਤੀਆਂ ਹਲਚਲ ਵਿੱਚ ਲੈ ਆ ਸਕਦੀਆਂ ਹਨ ਇੱਕ ਹੋਲੀ ਸ਼ਬਦ ਹੀ ਯਾਦ ਕਰੋ ਤਾਂ ਵੀ ਠੀਕ ਹੈ। ਹੋਲੀ - ਬੀਤੀ ਸੋ ਬੀਤੀ ਅਤੇ ਹੋ ਲੀ ਬਾਪ ਦੀ ਬਣ ਗਈ। ਹੋਰ ਕੀ ਬਣ ਗਈ? ਹੋਲੀ ਮਤਲਬ ਪਵਿੱਤਰ ਆਤਮਾ ਬਣ ਗਈ। ਇੱਕ ਸ਼ਬਦ ਹੋਲੀ ਯਾਦ ਕਰੋ ਤਾਂ ਇੱਕ ਹੋਲੀ ਸ਼ਬਦ ਦੇ ਤਿੰਨ ਅਰਥ ਯੂਜ਼ ਕਰੋ, ਵਰਨਣ ਨਹੀਂ ਕਰੋ, ਹਾਂ ਹੋਲੀ ਮਾਨਾ ਬੀਤੀ ਸੋ ਬੀਤੀ। ਹਾਂ ਬੀਤੀ ਸੋ ਬੀਤੀ ਹੈ - ਇਵੇਂ ਨਹੀਂ ਸੋਚਦੇ ਰਹੋ, ਵਰਨਣ ਕਰਦੇ ਰਹੋ, ਨਹੀਂ। ਅਰਥ ਸਵਰੂਪ ਵਿੱਚ ਸਥਿਤ ਹੋ ਜਾਓ। ਸੋਚਿਆ ਅਤੇ ਹੋਇਆ। ਇਵੇਂ ਨਹੀਂ ਸੋਚਿਆ ਤਾਂ ਸੋਚ ਵਿੱਚ ਹੀ ਪਏ ਰਹੋ। ਨਹੀਂ ਜੋ ਸੋਚਿਆ ਉਹ ਹੋ ਗਿਆ, ਬਣ ਗਏ, ਸਥਿਤ ਹੋ ਗਏ।

(ਬਾਪਦਾਦਾ ਨੇ ਡਰਿਲ ਕਰਾਈ)

ਹਾਲੇ ਸਮੇਂ ਦੇ ਪ੍ਰਮਾਣ ਤੁਸੀਂ ਹਰ ਨਿਮਿਤ ਬਣੀ ਹੋਈ, ਸਦਾ ਯਾਦ ਅਤੇ ਸੇਵਾ ਵਿੱਚ ਰਹਿਣ ਵਾਲਿਆਂ ਆਤਮਾਵਾਂ ਨੂੰ ਖੁਦ ਪਰਿਵਰਤਨ ਦਵਾਰਾ ਵਿਸ਼ਵ ਪਰਿਵਰਤਨ ਦਾ ਵਾਈਬ੍ਰੇਸ਼ਨ ਪਾਵਰਫੁੱਲ ਅਤੇ ਤੀਵ੍ਰਗਤੀ ਨਾਲ ਵਧਾਉਣਾ ਹੈ। ਚਾਰੋਂ ਪਾਸੇ ਮਨ ਦਾ ਦੁੱਖ ਅਤੇ ਅਸ਼ਾਂਤੀ, ਮਨ ਦੀ ਪਰੇਸ਼ਾਨੀਆਂ ਬਹੁਤ ਤੇਜ਼ ਗਤੀ ਨਾਲ ਵੱਧ ਰਹੀਆਂ ਹਨ। ਬਾਪਦਾਦਾ ਨੂੰ ਵਿਸ਼ਵ ਦੀਆਂ ਆਤਮਾਵਾਂ ਨੂੰ ਰਹਿਮ ਆਉਂਦਾ ਹੈ। ਤਾਂ ਜਿਨਾਂ ਤੀਵਰ ਗਤੀ ਨਾਲ ਦੁੱਖ ਦੀ ਲਹਿਰ ਵੱਧ ਰਹੀ ਹੈ ਓਨਾ ਹੀ ਤੁਸੀਂ ਸੁਖ ਦਾਤਾ ਦੇ ਬੱਚੇ ਆਪਣੇ ਮਨਸਾ ਸ਼ਕਤੀ

ਨਾਲ, ਮਨਸਾ ਸੇਵਾ ਅਤੇ ਸਾਕਾਸ਼ ਦੀ ਸੇਵਾ ਨਾਲ, ਵ੍ਰਿਤੀ ਨਾਲ ਚਾਰੋਂ ਪਾਸੇ ਸੁਖ ਦੀ ਅੰਚਲੀ ਦਾ ਅਨੁਭਵ ਕਰਾਓ। ਬਾਪ ਨੂੰ ਤਾਂ ਪੁਕਾਰਦੇ ਹੀ ਹਨ ਪਰ ਤੁਸੀਂ ਪੂਜਯ ਦੇਵ ਆਤਮਾਵਾਂ ਨੂੰ ਵੀ ਕਿਸੇ ਨਾ ਕਿਸੇ ਰੂਪ ਵਿੱਚ ਪੁਕਾਰਦੇ ਰਹਿੰਦੇ ਹਨ। ਤਾਂ ਹੇ ਦੇਵ ਅਤਮਾਵੋ, ਪੂਜਯ ਆਤਮਾਵੋਂ ਆਪਣੇ ਭਗਤ ਆਤਮਾਵਾਂ ਨੂੰ ਸਾਕਸ਼ ਦਵੋ। ਸਾਂਇੰਸ ਵਾਲੇ ਵੀ ਸੋਚਦੇ ਹਨ ਅਜਿਹੀ ਇਨਵੇਂਸ਼ਨ ਨਿਕਲੇ ਜੋ ਦੁੱਖ ਖ਼ਤਮ ਹੋ ਜਾਏ, ਸਾਧਨ ਸੁਖ ਦੇ ਨਾਲ ਦੁੱਖ ਵੀ ਦਿੰਦਾ ਹੈ ਪਰ ਦੁੱਖ ਨਾ ਹੋਵੇ, ਸਿਰਫ਼ ਸੁਖ ਦੀ ਪ੍ਰਾਪਤੀ ਹੋਵੇ ਉਸਦਾ ਸੋਚਦੇ ਜਰੂਰ ਹਨ। ਪਰ ਖੁਦ ਦੀ ਆਤਮਾ ਵਿੱਚ ਅਵਿਨਾਸ਼ੀ ਸੁਖ ਦਾ ਅਨੁਭਵ ਨਹੀਂ ਹੈ ਤਾਂ ਦੂਸਰੇ ਨੂੰ ਕਿਵੇਂ ਦੇ ਸਕਦੇ ਹਨ। ਪਰ ਤੁਸੀਂ ਸਭ ਦੇ ਕੋਲ ਸੁਖ ਦਾ, ਸ਼ਾਂਤੀ ਦਾ, ਨਿ: ਸਵਾਰਥ ਸੱਚੇ ਪਿਆਰ ਦਾ ਸਟਾਕ ਜਮਾਂ ਹੈ। ਜਮਾਂ ਹੈ ਜਾਂ ਜਿਨ੍ਹਾਂ ਇਕੱਠਾ ਕਰਦੇ ਹੋ ਓਨਾ ਖ਼ਰਚ ਹੋ ਜਾਂਦਾ ਹੈ? ਇਹ ਵੀ ਚੈਕ ਕਰੋ ਜਮਾਂ ਤਾਂ ਹੁੰਦਾ ਹੈ ਪਰ ਜਮਾਂ ਦੇ ਨਾਲ -ਨਾਲ ਖ਼ਰਚ ਵੀ ਤਾਂ ਨਹੀਂ ਹੋ ਜਾਂਦਾ? ਗਿਆਨ ਦੇ ਖਜ਼ਾਨੇ ਤੇ ਖ਼ਰਚ ਕਰਨ ਨਾਲ ਵੱਧਦੇ ਹਨ, ਘੱਟ ਨਹੀਂ ਹੁੰਦੇ। ਜੇਕਰ ਬਾਰ -ਬਾਰ ਆਪਣੇ ਹੀ ਸੁਭਾਵ -ਸੰਸਕਾਰ ਅਤੇ ਮਾਇਆ ਦੇ ਵਲੋਂ ਆਈ ਹੋਈ ਸਮੱਸਿਆ ਵਿੱਚ ਆਪਣੀ ਸ਼ਕਤੀ ਯੂਜ਼ ਕਰਦੇ ਹੋ ਤਾਂ ਜਮਾਂ ਦਾ ਖਾਤਾ ਘੱਟ ਹੁੰਦਾ ਹੈ। ਤਾਂ ਚੈਕ ਕਰੋ - ਜਮਾਂ ਕੀਤਾ ਪਰ ਖ਼ਰਚ ਵੀ ਕੀਤਾ ਬਾਕੀ ਅਕਾਊਂਟ ਕਿੰਨਾ ਰਿਹਾ? ਕਮਾਇਆ ਅਤੇ ਖਾਦਾ, ਇੰਝ ਤੇ ਨਹੀਂ ਹੈ? ਦੋ ਦਿਨ ਕਮਾਇਆ ਅਤੇ ਇੱਕ ਦਿਨ ਐਨਾ ਹੀ ਗਵਾਇਆ ਜੋ ਜਮਾਂ ਕੀਤਾ ਹੋਇਆ ਵੀ ਖ਼ਰਚ ਕਰਨਾ ਪਵੇ। ਇਵੇਂ ਦਾ ਅਕਾਊਂਟ ਤੇ ਨਹੀਂ ਹੈ? ਇਵੇਂ ਹੀ ਕਮਾਇਆ ਅਤੇ ਖਾਦਾ ਜਾਂ ਆਪਣੇ ਪ੍ਰਤੀ ਹੀ ਲਗਾਕੇ ਖ਼ਤਮ ਕੀਤਾ ਤਾਂ 21 ਜਨਮ ਦੇ ਲਈ ਜਮਾਂ ਕੀ ਕੀਤਾ? ਜਮਾਂ ਦੀ ਤੇ ਖੁਸ਼ੀ ਹੁੰਦੀ ਹੈ ਪਰ ਖ਼ਰਚ ਦਾ ਹਿਸਾਬ ਨਹੀਂ ਕੱਢਿਆ ਤੇ ਸਮੇਂ ਤੇ ਧੋਖਾ ਮਿਲ ਜਾਏਗਾ। ਜਮਾਂ ਦਾ ਖਾਤਾ ਵੀ ਦੇਖੋ ਪਰ ਨਾਲ - ਨਾਲ ਆਪਣੇ ਪ੍ਰਤੀ ਖ਼ਰਚ ਕਿੰਨਾ ਕੀਤਾ। ਦੂਸਰੇ ਨੂੰ ਕੋਈ ਗੁਣ ਦਿੱਤਾ, ਸ਼ਕਤੀ ਦਿੱਤੀ, ਗਿਆਨ ਦਾ ਖਜ਼ਾਨਾ ਦਿੱਤਾ ਉਹ ਖ਼ਰਚ ਨਹੀਂ ਹੈ, ਉਹ ਜਮਾਂ ਦੇ ਖਾਤੇ ਵਿੱਚ ਜਮਾਂ ਹੁੰਦਾ ਹੈ ਪਰ ਆਪਣੇ ਪ੍ਰਤੀ ਸਮੇਂ ਪ੍ਰਤੀ ਖ਼ਰਚ ਕੀਤਾ ਤਾਂ ਖਾਤਾ ਖਾਲੀ ਹੋ ਜਾਂਦਾ ਹੈ, ਇਸਲਈ ਚੰਗੀ ਵਿਸ਼ਾਲ ਬੁੱਧੀ ਨਾਲ ਚੈਕਿੰਗ ਕਰੋ। ਜਮਾਂ ਦਾ ਖਾਤਾ ਬਹੁਤ ਲੰਬਾ ਚੋੜਾ ਚਾਹੀਦਾ ਹੈ ਸਹਿਜ ਜੇਕਰ ਹਰ ਕਦਮ ਵਿੱਚ ਪਦਮ ਜਮਾਂ ਕਰਦੇ ਜਾਓ ਤਾਂ ਜਮਾਂ ਦਾ ਅਕਾਊਂਟ ਬਹੁਤ ਵੱਡਾ ਹੋ ਜਾਏਗਾ। ਤਾਂ ਚੈਕ ਕਰੋ ਕਿ ਹਰ ਕਰਮ ਅਤੇ ਕਦਮ ਬ੍ਰਹਮਾ ਬਾਪ ਸਮਾਨ ਰਿਹਾ? ਅਨੁਭਵੀ ਹੋ, ਜਦੋਂ ਕੋਈ ਚੰਗਾ ਕਰਮ ਕਰਦੇ ਹੋ ਤਾਂ ਕਰਮ ਦਾ ਫ਼ਲ ਉਸੀ ਸਮੇਂ ਪ੍ਰਤੱਖ ਰੂਪ ਵਿੱਚ ਖੁਸ਼ੀ, ਸ਼ਕਤੀ ਅਤੇ ਸਫ਼ਲਤਾ ਦੇ ਕਾਰਣ ਡਬਲ ਲਾਇਟ ਰਹਿੰਦੇ ਹੋ ਕਿਉਂਕਿ ਯਾਦ ਰਹਿੰਦਾ ਹੈ ਬਾਪ ਦੇ ਸਾਥ ਨਾਲ ਕਰਮ ਕੀਤਾ। ਅਤੇ ਜੇਕਰ ਹੁਣ ਕੋਈ ਵਿਕਰਮ ਹੁੰਦਾ ਹੈ ਤਾਂ ਉਸਦਾ ਪਸ਼ਚਾਤਾਪ ਬਹੁਤ ਲੰਬਾ ਹੈ। ਉਵੇਂ ਹੁਣ ਵਿਕਰਮ ਤੇ ਕੋਈ ਹੋਣਾ ਨਹੀਂ ਚਾਹੀਦਾ ਹੈ, ਉਹ ਤਾਂ ਟਾਇਮ ਹੁਣ ਬੀਤ ਗਿਆ, ਪਰ ਹੁਣ ਕੋਈ ਵਿਅਰਥ ਸੰਕਲਪ ਅਤੇ ਵਿਅਰਥ ਕਰਮ, ਵਿਅਰਥ ਬੋਲ, ਵਿਅਰਥ ਸੰਬੰਧ -ਸੰਪਰਕ ਵੀ ਨਾ ਹੋਣ ਕਿਉਂਕਿ ਵਿਅਰਥ ਸੰਬੰਧ - ਸੰਪਰਕ ਵੀ ਬਹੁਤ ਧੋਖਾ ਦਿੰਦਾ ਹੈ। ਜਿਵੇਂ ਦਾ ਸੰਗ ਉਵੇਂ ਦਾ ਰੰਗ ਲੱਗ ਜਾਂਦਾ ਹੈ। ਕਈ ਬੱਚੇ ਬੜੇ ਚਤੁਰ ਹਨ ਕਹਿੰਦੇ ਹਨ ਅਸੀਂ ਤੇ ਸੰਗ ਨਹੀਂ ਕਰਦੇ, ਪਰ ਉਹ ਮੇਰੇ ਨੂੰ ਨਹੀਂ ਛੱਡਦਾ, ਮੈਂ ਨਹੀਂ ਕਰਦੀ, ਉਹ ਨਹੀਂ ਛੱਡਦੇ। ਤਾਂ ਕੀ ਕਿਨਾਰਾ ਕਰਨਾ ਨਹੀਂ ਆਉਂਦਾ? ਜੇਕਰ ਕੋਈ ਬੁਰੀ ਚੀਜ਼ ਦਵੇ ਤਾਂ ਤੁਸੀਂ ਲੈਂਦੇ ਕਿਉਂ ਹੋ! ਲੈਣ ਵਾਲਾ ਨਹੀਂ ਲਵੇਗਾ ਤਾਂ ਦੇਣ ਵਾਲਾ ਕੀ ਕਰੇਗਾ? ਇਸ ਲਈ ਵਿਅਰਥ ਸੰਬੰਧ ਅਤੇ ਸੰਪਰਕ ਵੀ ਅਕਾਊਂਟ ਖਾਲੀ ਕਰ ਦਿੰਦਾ ਹੈ। ਅਤੇ ਉਸ ਸਮੇਂ ਅੰਦਰ ਦਿਲ ਵਿੱਚ ਆਉਂਦਾ ਵੀ ਹੈ, ਦਿਲ ਖਾਉਂਦਾ ਵੀ ਹੈ - ਇਹ ਕਰਨਾ ਨਹੀਂ ਚਾਹੀਦਾ। ਕਰਨਾ ਨਹੀਂ ਚਾਹੀਦਾ ਫਿਰ ਵੀ ਕਰ ਲੈਂਦੇ ਹਨ। ਸੁਣਨਾ ਨਹੀਂ ਚਾਹੀਦਾ ਪਰ ਸੁਣਾ ਦਿੱਤਾ ਤਾਂ ਕੀ ਕਰਾਂ! ਪਰ ਜੇਕਰ ਪੁਰਸ਼ਾਰਥੀ ਹੋਵੇ ਤਾਂ ਵਿਅਰਥ ਵੀ ਨਾ ਹੋਵੇ। ਅਲਬੇਲੇ ਹੋ ਤਾਂ ਗੱਲ ਹੀ ਛੱਡੋ, ਫਿਰ ਤਾਂ ਆਰਾਮ ਨਾਲ ਸੋ ਜਾਓ। ਤ੍ਰੇਤਾ ਵਿੱਚ ਆ ਜਾਣਾ। ਪਰ ਜੇਕਰ ਪੁਰਸ਼ਾਰਥ ਹੈ ਤਾਂ ਉਸ ਸਮੇਂ ਦਿਲ ਵਿੱਚ ਆਉਂਦਾ ਹੈ, ਦਿਲ ਖਾਉਦਾ ਹੈ ਕਿ ਇਹ ਨਹੀਂ ਕਰਨਾ ਚਾਹੀਦਾ ਫਿਰ ਵੀ ਕਰਦੇ ਹਨ ਤਾਂ ਬਾਪਦਾਦਾ ਤਾਂ ਕਹਿਣਗੇ ਕਿ ਅਜਿਹੇ ਬੱਚਿਆਂ ਦੀ ਵੀ ਕਮਾਲ ਹੈ। ਨਾ ਚਾਹੁੰਦੇ ਵੀ ਕਰਦੇ ਰਹਿੰਦੇ ਹਨ, ਦਿਲ ਖਾਂਦਾ ਰਹਿੰਦਾ ਹੈ ਅਤੇ ਸੁਣਦੇ ਵੀ ਰਹਿੰਦੇ, ਕਰਦੇ ਵੀ ਰਹਿੰਦੇ, ਤਾਂ ਬਹੁਤ ਪਾਵਰਫੁੱਲ ਆਤਮਾਵਾਂ ਹਨ! ਇਸਲਈ ਵਿਅਰਥ ਦੇ ਉਪਰ ਵੀ ਚੈਕਿੰਗ ਅਟੈਂਸ਼ਨ ਕਰੋ। ਅੱਛਾ।

ਚਾਰੋਂ ਪਾਸੇ ਦੀ ਹੋਲੀਏਸਟ ਆਤਮਾਵਾਂ, ਸਦਾ ਹਾਈਏਸਟ ਸਥਿਤੀ ਵਿੱਚ ਸਥਿਤ ਰਹਿਣ ਵਾਲੀ ਹਾਈਏਸਟ ਆਤਮਾਵਾਂ, ਸਦਾ ਸਰਵ ਖਜ਼ਾਨਿਆਂ ਨਾਲ ਸੰਪੰਨ ਰਿਚੇਸ੍ਟ ਆਤਮਾਵਾਂ, ਸਦਾ ਹਰ ਕਦਮ ਵਿੱਚ ਪਦਮ ਜਮਾਂ ਕਰਨ ਵਾਲੀ, ਬਾਪ ਸਮਾਨ ਬਣਨ ਵਾਲੀ ਸ਼੍ਰੇਸ਼ਠ ਆਤਮਾਵਾਂ, ਸਦਾ ਰਹਿਮਦਿਲ, ਸ਼ਮਾ ਦੇ ਸਾਗਰ ਬੱਚੇ ਮਾਸਟਰ ਸ਼ਮਾ ਕਰਨ ਵਾਲੀ ਆਤਮਾਵਾਂ, ਵਿਸ਼ਵ ਦੀ ਦੁੱਖੀ ਆਤਮਾਵਾਂ ਨੂੰ ਸਾਕਸ਼ ਦਵਾਰਾ ਸੁਖ -ਸ਼ਾਂਤੀ ਦੀ ਅਚਲੀ ਦੇਣ ਵਾਲੀ ਆਤਮਾਵਾਂ, ਹਰ ਸਮੇਂ ਆਪਣੇ ਜਮਾਂ ਦੇ ਖ਼ਾਤੇ ਵਿੱਚ ਭਰਪੂਰ ਰਹਿਣ ਵਾਲੇ ਅਤਿ ਤੀਵ੍ਰਪੁਰਸ਼ਾਰਥੀ ਆਤਮਾਵਾਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਹੋਲੀ ਸ਼ਬਦ ਦੇ ਅਰਥ ਨੂੰ ਜੀਵਨ ਵਿੱਚ ਲਿਆਕੇ ਪੁਰਸ਼ਾਰਥ ਦੀ ਸਪੀਡ ਨੂੰ ਤੇਜ਼ ਕਰਨ ਵਾਲੇ ਤੀਵਰ ਪੁਰਸ਼ਾਰਥੀ ਭਵ

ਹੋ ਲੀ ਮਤਲਬ ਜੋ ਗੱਲ ਹੋ ਗਈ, ਬੀਤੀ ਗਈ ਉਸਨੂੰ ਬਿਲਕੁਲ ਖ਼ਤਮ ਕਰ ਦੇਣਾ। ਬੀਤੀ ਸੋ ਬੀਤੀ ਕਰ ਅੱਗੇ ਵਧਣਾ ਇਹ ਹੀ ਹੈ ਹੋਲੀ ਮਨਾਉਣਾ। ਬੀਤੀ ਹੋਈ ਗੱਲ ਇਵੇਂ ਮਹਿਸੂਸ ਹੋਵੇ ਜਿਵੇਂ ਬਹੁਤ ਪੁਰਾਣੀ ਕਿਸੇ ਜਨਮ ਦੀ ਗੱਲ ਹੈ, ਜਦੋਂ ਅਜਿਹੀ ਸਥਿਤੀ ਹੋ ਜਾਂਦੀ ਹੈ ਉਦੋਂ ਪੁਰਸ਼ਾਰਥ ਦੀ ਸਪੀਡ ਤੇਜ਼ ਹੁੰਦੀ ਹੈ। ਤਾਂ ਆਪਣੀ ਅਤੇ ਦੂਸਰਿਆਂ ਦੀ ਬੀਤੀਆਂ ਹੋਈਆਂ ਗੱਲਾਂ ਨੂੰ ਕਦੀ ਚਿੰਤਨ ਵਿੱਚ ਨਹੀਂ ਲਿਆਉਣਾ, ਚਿੱਤ ਤੇ ਨਹੀਂ ਰੱਖਣਾ ਅਤੇ ਵਰਨਣ ਤਾਂ ਕਦੀ ਨਹੀਂ ਕਰਨਾ, ਉਦੋਂ ਹੀ ਤੀਵਰ ਪੁਰਸ਼ਾਰਥੀ ਬਣ ਸਕੋਂਗੇ।

ਸਲੋਗਨ:- ਮੇਰੇਪਨ ਦੇ ਅਨੇਕ ਰਿਸ਼ਤਿਆਂ ਨੂੰ ਸਮਾਪਤ ਕਰਨਾ ਹੀ ਫਰਿਸ਼ਤਾ ਬਣਨਾ ਹੈ।

******